# ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ
(ਦ:ਮੁੱਖ/ਪ੍ਰਬੰਧਕੀ ਆਈ ਆਰ ਤੇ ਭਲਾਈ, ਉਦਯੋਗਿਕ, ਪਟਿਆਲਾ)

ਵੱਲ

1. ਸਾਰੇ ਇੰਜੀ: ਇਨ ਚੀਫ/ਜੀ.ਐਮ./ਮੁੱਖ ਇੰਜੀਨੀਅਰਜ਼
2. ਸਾਰੇ ਉਪ ਮੁੱਖ ਇੰਜੀ:/ਨਿਗਰਾਨ ਇੰਜੀ:/ਡਾਇਰੈਕਟਰਜ਼ ਪੰ:ਸ:ਪਾ:ਕਾ:ਲਿ:।
3. ਸਾਰੇ ਵਧੀਕ ਨਿਗਰਾਨ ਇੰਜੀ:/ਸੀਨੀ:ਕਾਰਜਕਾਰੀ ਇੰਜੀਨੀਅਰਜ਼।

ਮੀਮੋ ਨੰ: 105227/105877 /ਆਈ ਆਰ.ੳ- 38ਜ਼ ਨਵੀਂ
ਮਿਤੀ: 22/4/13

ਵਿਸ਼ਾ: ਕਰਮਚਾਰੀਆਂ ਦੇ ਈ.ਐਸ.ਆਈ. ਕਾਰਡ ਬਣਾਉਣ ਬਾਰੇ ਅਤੇ ਈ.ਐਸ.ਆਈ.ਸੀ. ਜਿਹਨਾ ਸਟੇਸ਼ਨਾ ਉਪਰ ਲਾਗੂ ਹੁੰਦੀ ਹੈ ਉੱਥੇ ਕਟੌਤੀ ਕਰਨ ਸਬੰਧੀ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਇਹ ਨੋਟਿਸ ਕੀਤਾ ਗਿਆ ਹੈ ਕਿ ਕੁੱਝ ਫੀਲਡ ਦਫਤਰਾਂ ਵਿੱਚ ਕੰਮ ਕਰਦੇ ਕਰਮਚਾਰੀਆਂ ਦੀ ਈ.ਐਸ.ਆਈ. ਫੰਡ ਦੀ ਕਟੌਤੀ ਕੀਤੀ ਜਾ ਰਹੀ ਹੈ ਪ੍ਰੰਤੂ ਕਰਮਚਾਰੀਆਂ ਦਾ ਈ.ਐਸ.ਆਈ. ਕਾਰਡ ਨਹੀਂ ਬਣਾਏ ਜਾ ਰਹੇ। ਇਹ ਵੀ ਦੇਖਣ ਵਿੱਚ ਆਇਆ ਹੈ ਕਿ ਕੁੱਝ ਸਬ-ਸਟੇਸ਼ਨਾ ਉਪਰ ਜਿਥੇ ਕਿ ਈ.ਐਸ.ਆਈ. ਲਾਗੂ ਹੁੰਦੀ ਹੈ ਉਥੇ ਕੰਮ ਕਰਦੇ ਕਰਮਚਾਰੀਆਂ ਦੀ ਈ.ਐਸ.ਆਈ. ਫੰਡ ਦੀ ਕਟੌਤੀ ਨਹੀਂ ਕੀਤੀ ਜਾ ਰਹੀ ਜਿਸ ਕਾਰਣ ਇਹ ਕਰਮਚਾਰੀ ਈ.ਐਸ.ਆਈ. ਦੇ ਤਹਿਤ ਮਿਲਣ ਵਾਲੀਆਂ ਸੇਹਤ ਸਹੂਲਤਾ ਤੋਂ ਵਚਿੰਤ ਰਹਿੰਦੇ ਹਨ।

ਉਪਰੋਕਤ ਤਰੁੱਟੀਆਂ/ਸਮੱਸਿਆਵਾਂ ਨੂੰ ਧਿਆਨ ਵਿੱਚ ਰਖਦੇ ਹੋਏ, ਆਪ ਜੀ ਨੂੰ ਲਿਖਿਆ ਜਾਂਦਾ ਹੈ ਕਿ ਕਰਮਚਾਰੀਆਂ ਦਾ ਈ.ਐਸ.ਆਈ. ਫੰਡ ਮਿਥੇ ਸਮੇ ਅਨੁਸਾਰ ਸਬੰਧਤ ਦਫਤਰ ਵਿਖੇ ਜਮ੍ਹਾਂ ਕਰਵਾਉਣ ਲਈ ਯੋਗ ਉਪਰਾਲੇ ਕੀਤੇ ਜਾਣ ਅਤੇ ਕਰਮਚਾਰੀਆਂ ਦਾ ਈ.ਐਸ.ਆਈ. ਕਾਰਡ ਬਣਾਉਣਾ ਯਕਿਨੀ ਬਣਾਇਆ ਜਾਵੇ ਤਾਂ ਜ਼ੋ ਕਰਮਚਾਰੀਆਂ ਨੂੰ ਈ.ਐਸ.ਆਈ. ਅਧੀਨ ਮਿਲਣ ਵਾਲੀਆਂ ਸਹੂਲਤਾ ਦਾ ਲਾਭ ਮਿਲ ਸਕੇ। ਇਸ ਸਬੰਧੀ ਆਪ ਜੀ ਦੇ ਦਫਤਰ ਵਿੱਚ ਤੈਨਾਤ ਮੁੱਖ ਭਲਾਈ ਅਫਸਰ/ਕਿਰਤ ਭਲਾਈ ਅਫਸਰ ਅਤੇ ਸਹਾ:ਕਿਰਤ ਭਲਾਈ ਅਫਸਰ ਨਾਲ ਰਾਫਤਾ ਕਾਇਮ ਕਰਕੇ ਅਗਲੇਰੀ ਕਾਰਵਾਈ ਹਿੱਤ ਜਾਣਕਾਰੀ ਲਈ ਜਾ ਸਕਦੀ ਹੈ।

ਇਹ ਸਮੱਰਥ ਅਧਿਕਾਰੀ ਦੀ ਪ੍ਰਵਾਨਗੀ ਨਾਲ ਜਾਰੀ ਕੀਤਾ ਜਾਂਦਾ ਹੈ।

ਕਿਰਤ ਤੇ ਭਲਾਈ ਅਫਸਰ,
ਪੰ:ਸ:ਪਾ:ਕਾ:ਲਿ:, ਪਟਿਆਲਾ।

ਪਿੱਠਅੰਕਣ ਨੰ: 105878/98 /ਆਈ ਆਰ.ੳ38ਜ਼ ਨਵੀਂ, ਮਿਤੀ: 22/4/13

ਉਪਰੋਕਤ ਦਾ ਉਤਾਰਾ ਸਾਰੇ ਮੁੱਖ ਭਲਾਈ ਅਫਸਰ/ਕਿਰਤ ਭਲਾਈ ਅਫਸਰ ਅਤੇ ਸਹਾ:ਕਿਰਤ ਭਲਾਈ ਅਫਸਰ ਅਧੀਨ ਪੰ:ਸ:ਪਾ:ਕਾ:ਲਿ: ਨੂੰ ਭੇਜਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਉਪਰੋਕਤ ਅਨੁਸਾਰ ਸੁਚੱਜੇ ਢੰਗ ਨਾਲ ਕਾਰਵਾਈ ਕੀਤੀ ਜਾਵੇ ਜੀ।

ਕਿਰਤ ਤੇ ਭਲਾਈ ਅਫਸਰ,
ਪੰ:ਸ:ਪਾ:ਕਾ:ਲਿ:, ਪਟਿਆਲਾ।